
# ਅਭਿਆਸ 14.3

1. ਇੱਕ ਸਕੂਲ ਵਿੱਚ ਇੱਕ ਜਮਾਤ ਦੇ ਵਿਦਿਆਰਥੀਆਂ ਦੀ ਗਿਣਤੀ ਨੂੰ ਦਰਸਾਉਣ ਵਾਲੇ ਲਾਗਦੇਂ ਹੇਠ ਗ੍ਰਾਫ਼ ਨੂੰ ਪੜ੍ਹੋ।

1 ਇਕਾਈ = 10 ਵਿਦਿਆਰਥੀ




ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ —

(i) ਇਸ ਗ੍ਰਾਫ਼ ਦਾ ਪੈਮਾਨਾ ਕੀ ਹੈ?

ਉੱਤਰ — 1 ਇਕਾਈ = 10 ਵਿਦਿਆਰਥੀ

(ii) 2016 ਵਿੱਚ ਵਿਦਿਆਰਥੀਆਂ ਦੀ ਗਿਣਤੀ ਦੱਸੋ।

ਉੱਤਰ — 50

(iii) ਕੀ 2017 ਵਿੱਚ ਵਿਦਿਆਰਥੀਆਂ ਦੀ ਗਿਣਤੀ, 2014 ਵਿੱਚ ਗਿਣਤੀ ਦੀ ਤੁਲਨਾ ਵਿੱਚ ਦੁੱਗਣੀ ਹੈ?

ਉੱਤਰ — ਹਾਂ ਜੀ

Scanned with CamScanner

2. ਛੜ ਗ੍ਰਾਫ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ –

(i) ਛੜ ਗ੍ਰਾਫ ਤੋਂ ਸਾਨੂੰ ਕੀ ਸੂਚਨਾ ਪ੍ਰਾਪਤ ਹੁੰਦੀ ਹੈ?


ਉੱਤਰ – ਵੱਖ - ਵੱਖ ਵਿਦਿਆਰਥੀਆਂ ਦੀ ਉਮਰ

(ii) ਇਸ ਛੜ ਗ੍ਰਾਫ ਵਿੱਚ ਕਿਹੜਾ ਪੈਮਾਨਾ ਦਰਸਾਇਆ ਗਿਆ ਹੈ?

ਉੱਤਰ — 1 ਇਕਾਈ = 4 ਵਿਦਿਆਰਥੀ

(iii) ਵੱਧੋ - ਵੱਧ ਉਮਰ ਕਿੰਨੀ ਹੈ? ਕਿੰਨੇ ਵਿਦਿਆਰਥੀ ਵੱਧ ਉਮਰ ਵਾਲੇ ਹਨ?

ਉੱਤਰ :— ਵੱਧੋ - ਵੱਧ ਉਮਰ ਹੈ 15 ਸਾਲ
24 ਵਿਦਿਆਰਥੀ ਵੱਧ ਉਮਰ ਵਾਲੇ ਹਨ।




(iv) ਕਿੰਨੇ ਵਿਦਿਆਰਥੀਆਂ ਦੀ ਉਮਰ ਸਭ ਤੋਂ ਘੱਟ ਹੈ?


ਉੱਤਰ — 16 ਵਿਦਿਆਰਥੀਆਂ ਦੀ ਉਮਰ ਸਭ ਤੋਂ ਘੱਟ ਹੈ।

(v) ਕਿੰਨੇ ਵਿਦਿਆਰਥੀਆਂ ਦੀ ਉਮਰ 13 ਸਾਲ ਹੈ?

ਉੱਤਰ — 28 ਵਿਦਿਆਰਥੀਆਂ ਦੀ ਉਮਰ 13 ਸਾਲ ਹੈ।

Scanned with CamScanner

3. ਦਿੱਤੇ ਗਏ ਬਾਰ ਗ੍ਰਾਫ਼ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ—




(i) ਬਾਰ ਗ੍ਰਾਫ਼ ਤੋਂ ਕੀ ਸੂਚਨਾ ਮਿਲਦੀ ਹੈ?

ਉੱਤਰ — ਵੱਖ-ਵੱਖ ਦਿਨਾਂ ਵਿੱਚ ਵੇਚੇ ਗਏ ਘੜਾਂ ਦੀ ਸੰਖਿਆ

(ii) ਬਾਰ ਗ੍ਰਾਫ਼ ਵਿੱਚ ਕਿਹੜਾ ਪੈਮਾਨਾ ਵਰਤਿਆ ਗਿਆ ਹੈ?

ਉੱਤਰ — 1 ਇਕਾਈ = 6 ਵੇਚੇ ਗਏ ਘੜੇ

(iii) ਕਿਸ ਦਿਨ ਸਭ ਤੋਂ ਵੱਧ ਘੜੇ ਵੇਚੇ ਗਏ ਅਤੇ ਕਿੰਨੇ?

ਉੱਤਰ — ਮੰਗਲਵਾਰ ਸਭ ਤੋਂ ਵੱਧ ਘੜੇ ਵੇਚੇ ਗਏ। 42 ਘੜੇ

(iv) ਕਿਸ ਦਿਨ ਸਭ ਤੋਂ ਘੱਟ ਘੜੇ ਵੇਚੇ ਗਏ ਅਤੇ ਕਿੰਨੇ?


ਉੱਤਰ — ਬੁੱਧਵਾਰ ਨੂੰ ਸਭ ਤੋਂ ਘੱਟ ਘੜੇ ਵੇਚੇ ਗਏ। 18 ਘੜੇ

(v) ਵੀਰਵਾਰ ਨੂੰ ਕਿੰਨੇ ਘੜੇ ਵੇਚੇ ਗਏ?

ਉੱਤਰ — ਵੀਰਵਾਰ ਨੂੰ 36 ਘੜੇ ਵੇਚੇ

Scanned with CamScanner

5. ਹੇਠ ਦਿੱਤੇ ਬਾਰ ਗ੍ਰਾਫ਼ ਨੂੰ ਪੜ੍ਹੋ ਜਿਸ ਵਿੱਚ ਲਾਇਬ੍ਰੇਰੀ ਵਿੱਚ ਅਲੱਗ-ਅਲੱਗ ਵਿਸ਼ਿਆਂ ਦੀਆਂ ਕਿਤਾਬਾਂ ਦੀ ਗਿਣਤੀ ਦਰਸਾਈ ਹੈ।




ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ —

(i) ਬਾਰ ਗ੍ਰਾਫ਼ ਤੋਂ ਸਾਨੂੰ ਕੀ ਸੂਚਨਾ ਮਿਲਦੀ ਹੈ?

ਉੱਤਰ — ਲਾਇਬ੍ਰੇਰੀ ਵਿੱਚ ਵੱਖ-ਵੱਖ ਵਿਸ਼ਿਆਂ ਦੀ ਕਿਤਾਬਾਂ ਦੀ ਗਿਣਤੀ

(ii) ਗ੍ਰਾਫ਼ ਲਈ ਕਿਹੜਾ ਪੈਮਾਨਾ ਦਰਸਾਇਆ ਗਿਆ ਹੈ?

ਉੱਤਰ — 1 ਇਕਾਈ = 20 ਕਿਤਾਬਾਂ

(iii) ਕਿਸ ਵਿਸ਼ੇ ਦੀਆਂ ਸਭ ਤੋਂ ਵੱਧ ਕਿਤਾਬਾਂ ਹਨ ਅਤੇ ਕਿੰਨੀਆਂ?

ਉੱਤਰ — ਕੰਪਿਊਟਰ ਦੀਆਂ ਸਭ ਤੋਂ ਵੱਧ ਕਿਤਾਬਾਂ ਹਨ
200 ਕਿਤਾਬਾਂ

(iv) ਕਿਸ ਵਿਸ਼ੇ ਦੀਆਂ ਸਭ ਤੋਂ ਘੱਟ ਕਿਤਾਬਾਂ ਹਨ ਅਤੇ ਕਿੰਨੀਆਂ?

ਉੱਤਰ :— ਸਮਾਜਿਕ ਵਿਗਿਆਨ ਦੀਆਂ ਸਭ ਤੋਂ ਘੱਟ ਕਿਤਾਬਾਂ ਹਨ
60 ਕਿਤਾਬਾਂ

Scanned with CamScanner

5. ਇੱਕ ਦੁਕਾਨਦਾਰ ਦੁਆਰਾ ਵੱਖ-ਵੱਖ ਦਿਨਾਂ ਵਿੱਚ ਵੇਚੀਆਂ ਗਣਿਤ ਦੀਆਂ ਕਿਤਾਬਾਂ ਦੀ ਗਿਣਤੀ ਹੇਠ ਦਰਸਾਏ ਅਨੁਸਾਰ ਹੈ —

| ਦਿਨ | ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ |
|---|---|---|---|---|---|---|
| ਵੇਚੀਆਂ ਕਿਤਾਬਾਂ ਦੀ ਗਿਣਤੀ | 65 | 40 | 30 | 50 | 20 | 70 |

ਉਪਰੋਕਤ ਸੂਚਨਾ ਨੂੰ ਆਪਣੀ ਮਰਜ਼ੀ ਦਾ ਪੈਮਾਨਾ ਲੈ ਕੇ ਛੜ ਗ੍ਰਾਫ਼ ਨਾਲ ਦਰਸਾਓ।

